PRINCE SCHOOL

Rajasthan Board, English & Hindi Medium, Class VI to XII (Science)

www.princeeduhub.com | Shyampura - Palwas, Sikar. Helpline : 9610-63-2222, 9610-37-2222

**Model Paper - II**

**CLASS – X**

**SUBJECT – PUNJABI**

**TIME :- 3:15 HOUR** **M.M. 80**

1.ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ(1-5)( **ਅੰਕ-5**× 1**=5)**

1. ਭਾਈ ਮਰਦਾਨਾ ਜੀ ਦਾ ਪ੍ਰਸਿੱਧ ਨਿਬੰਧ ਕਿਸਦਾ ਲਿਖਿਆ ਹੋਇਆ ਹੈ
A.ਪ੍ਰੋ. ਪੂਰਨ ਸਿੰਘ
B.ਤੇਜਾ ਸਿੰਘ
C. ਹਰਪ੍ਰੀਤ ਕੌਰ
D.ਸੰਤ ਸਿੰਘ ਸੇਖੋਂ

2. ਅੱਜ ਅੱਖਾਂ ਵਾਰਿਸ਼ ਸ਼ਾਹ ਨੂੰ ਕਿਸਦੀ ਪ੍ਰਸਿੱਧ ਰਚਨਾ ਹੈ
A.ਭਾਈ ਗੁਰਦਾਸ
B.ਬੁਲ੍ਹੇ ਸ਼ਾਹ
C.ਮੀਆਂ ਵਜ਼ੀਦ
D. ਅੰਮ੍ਰਿਤਾ ਪ੍ਰੀਤਮ

3. ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਅਤੇ ਸੁੰਨੇ ਸੁੰਨੇ ਰਾਹਾਂ ਵਿਚ ਕਿਸਦੀਆਂ ਪ੍ਰਸਿੱਧ ਰਚਨਾਵਾਂ ਹੈ ?
A.ਪ੍ਰੋ. ਪੂਰਨ ਸਿੰਘ
B.ਬੁਲ੍ਹੇ ਸ਼ਾਹ
C. ਹਰਪ੍ਰੀਤ ਕੌਰ
D. ਸੁਰਜੀਤ ਪਾਤਰ

4.ਗੰਗਾ ਦੀਨ ਨਿਬੰਧ ਕਿਸਦਾ ਲਿਖਿਆ ਹੋਇਆ ਹੈ
A.ਪ੍ਰੋ. ਪੂਰਨ ਸਿੰਘ
B.ਤੇਜਾ ਸਿੰਘ
C.ਸਰਵਣ ਸਿੰਘ
D.ਸੰਤ ਸਿੰਘ ਸੇਖੋਂ

5.ਦੇਖ ਪਰਾਈਆਂ ਚੰਗੀਆਂ ਕਿਸਦੀ ਰਚਨਾ ਹੈ
A.ਭਾਈ ਗੁਰਦਾਸ
B.ਬੁਲ੍ਹੇ ਸ਼ਾਹ
C.ਮੀਆਂ ਵਜ਼ੀਦ
D.ਭਾਈ ਵੀਰ ਸਿੰਘ

2.ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-5) ( **ਅੰਕ**-5× 1=**5)**

1. ਥਾਪੀ ਦੇਣਾ ਮੁਹਾਵਰੇ ਦਾ ਕੀ ਅਰਥ ਹੁੰਦਾ ਹੈ?

(A) ਮਾਰ ਕੁਟਾਈ ਕਰਨੀ

(B) ਮੌਕੇ ਦੀ ਤਾੜ ਵਿੱਚ ਰਹਿਣਾ

(C) ਹੌਂਸਲਾ ਦੇਣਾ

(D) ਮੁਸੀਬਤ ਤੋ ਬਚਾਉਣਾ

2. ''ਫਰਜਾ ਦੀ ਪਾਲਣਾ ਕਰਨਾ'' ਵਾਕ ਲਈ ਕਿਹੜਾ ਮੁਹਾਵਰਾ ਢੁਕਵਾਂ ਹੈ?

(A) ਧਰਮ ਨਿਭਾਉਣਾ

(B) ਲਹੂ ਪਾਣੀ ਇੱਕ ਕਰਨਾ

(C) ਲਾਜ ਰੱਖਣੀ

(D) ਵਾ ਵਗ ਜਾਣੀ

3. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸਮਾਨ ਆਰਥਕ ਸ਼ਬਦ ਨਹੀਂ ਹੈ-

(A) ਪਾਗਲ

(B) ਸਿਆਣਾ

(C) ਸ਼ਦਾਈ

(D) ਝੱਲਾ

4. ਰਾਏ ਭੋਏ ਦੀ ਤਲਵੰਡੀ ਨਨਕਾਣਾ ਸਾਹਿਬ ਵਿਖੇ ਕਿਸ ਗੁਰੂ ਸਾਹਿਬਾਨ ਦਾ ਜਨਮ ਹੋਇਆ

(A) ਗੁਰੂ ਅਮਰਦਾਸ ਜੀ

(B) ਗੁਰੂ ਨਾਨਕ ਦੇਵ ਜੀ

(C) ਗੁਰੂ ਰਾਮਦਾਸ ਜੀ

(D) ਗੁਰੂ ਗੋਬਿੰਦ ਸਿੰਘ ਜੀ

5 ਤੁਰਦੀ ਸ਼ਬਦ ਦਾ ਬਹੁ ਵਚਨ ਬਣਾਓ

(A) ਤੁਰਦੇ

(B) ਤੁਰਦਿਆਂ

(C) ਤੁਰਦੀਆਂ

(D) ਤੁਰਦੀ

3.ਖਾਲੀ ਥਾਵਾਂ ਭਰੋ ਜੀ **(1-5)** ( **ਅੰਕ**-5× 1 =**5)**

**1.ਏ ਸਰੀਰਾਂ ਮੇਰੀਆਂ ..............**

**2.ਬੁੱਲ੍ਹਾ ਕਿ ਜਾਣਾ ਮੈ.............**

**3.ਤੈਨੂੰ ਦੀਆਂ ਹੰਝੂਆਂ ਦਾ ...........**

**4.ਸੁੰਨੇ- ਸੁੰਨੇ ਰਾਹਾਂ ਵਿੱਚ..............**

**5.ਜਗਤ ਜਲੰਦਾ ਰਖਿ ਲੈ.............**

4.ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-3) ( **ਅੰਕ**-3× 2=**6)**

1. **ਆਸਥਾ** ਅਤੇ **ਬਦਕਿਸਮਤ** ਸ਼ਬਦ ਦੇ ਦੋ - ਦੋ ਸਮਾਨਾਰਥਕ ਸ਼ਬਦ ਲਿਖੋ ?

2. **ਵਾਰ** ਅਤੇ **ਤਾਰ** ਸ਼ਬਦ ਦੇ ਦੋ -ਦੋ ਬਹੁਅਰਥਕ ਸ਼ਬਦ ਲਿਖੋ ?

3.**ਸਾਉਣੀ** ਅਤੇ **ਸੰਜੋਗ** ਸ਼ਬਦ ਦੇ ਵਿਰੋਧੀ ਸ਼ਬਦ ਲਿਖੋ?

5 . ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨ (1-5) ਤੱਕ ਉੱਤਰ ਦਿਉ - (**ਅੰਕ**-5 × 2=**10**)

ਕਲਾਕਾਰਾਂ ਵਿੱਚ ਤਰਤੀਬ ਨਹੀਂ, ਅਵਾਰਗੀ, ਹੋਸ਼ ਨਹੀਂ, ਮਸਤੀ, ਇਬਾਦਤ ਨਹੀਂ, ਇਸ਼ਕ ਆਦਿ ਦੀ ਪ੍ਰਮੁੱਖਤਾ ਹੁੰਦੀ ਹੈ। ਕਲਾਕਾਰਾਂ ਦੇ ਆਲੇ-ਦੁਆਲੇ ਮਸਤੀ ਦਾ ਇਕ ਵਾਤਾਵਰਣ ਹੁੰਦਾ ਹੈ। ਸਾਡੇ ਦੇਸ਼ ਦੇ ਕਈ ਭਾਗਾ ਵਿੱਚ ਅਤੇ ਵਿਸ਼ੇਸ਼ ਕਰ ਕੇ ਦੱਖਣ ਵਿੱਚ ਕਲਾ ਦੀ ਪਰੰਪਰਾ ਬੜੀ ਪੁਰਾਣੀ ਹੈ। ਕਲਾ ਜਿਤਨੀ ਪੁਰਾਣੀ ਹੁੰਦੀ ਹੈ, ਉਹ ਉਤਨੀ ਹੀ ਵਧੇਰੇ ਸੱਜਰੀ ਅਤੇ ਨਿੱਖਰੀ ਹੋਈ ਪ੍ਰਤੀਤ ਹੁੰਦੀ ਹੈ। ਬੰਗਾਲੀ ਘਰਾਂ ਵਿੱਚ ਹਰੇਕ ਸਵੇਰੇ ਪੂਜਾ ਨਾਲ ਆਰੰਭ ਹੋ ਕੇ ਹਰੇਕ ਸ਼ਾਮ ਪ੍ਰਾਰਥਨਾ ਨਾਲ ਸਮਾਪਤ ਹੁੰਦੀ ਹੈ।ਇਵੇਂ ਹੀ ਤਾਮਿਲਨਾਡੂ ਜਾਂ ਕਰਨਾਟਕ ਦੀ ਕਿਸੇ ਗਲੀ ਵਿੱਚੋਂ ਸਵੇਰੇ ਲੰਘੇ ਤਾਂ ਹਰੇਕ ਘਰ ਵਿੱਚੋਂ ਮੰਦਰ ਵਾਲਾ ਸੰਗੀਤ ਸੁਣਾਹੀ ਦਿੰਦਾ ਹੈ। ਇਥੇ ਹਰ ਘਰ ਵਿੱਚ ਕਲਾ ਪ੍ਰੇਮੀ ਵਸਦੇ ਹਨ। ਕਲਾ-ਪ੍ਰੇਮੀ ਅਮੀਰ ਭਾਵੇਂ ਨਾਂ ਹੋਣ ਪਰ ਉਹ ਪ੍ਰਸੰਨ, ਸੰਤੁਸ਼ਟ ਅਤੇ ਖੁਸ਼ਹਾਲ ਹੁੰਦੇ ਹਨ। ਕਵੀ ਅਤੇ ਸਾਹਿਤਕਾਰ ਦੀਵਾ ਬਾਲਦੇ ਹਨ ਅਤੇ ਸਾਡੇ ਅੰਦਰ ਸੂਰਜ ਜਗ ਪੈਂਦਾ ਹੈ। ਜਦੋਂ ਅਸੀਂ ਕਿਸੇ ਦੀ ਰਚਨਾ ਨੂੰ ਮਾਣੇ ਹਾਂ ਤਾਂ ਸਾਡੀਆਂ ਸ਼ੁਭ-ਇਛਾਵਾਂ ਪ੍ਰਗਟ ਹੋਣ ਲਈ ਕਾਹਲੀਆ ਪੈਣ ਲੱਗ ਪੈਂਦੀਆਂ ਹਨ।

1. ''ਇੱਥੇ ਹਰ ਘਰ ਵਿੱਚ ਕਲਾ ਪ੍ਰੇਮੀ ਵਸਦੇ ਹਨ'' ਵਾਕ ਵਿੱਚ ਕਾਲ ਦੀ ਕਿਸਮ ਕਿਹੜੀ ਹੈ?
(A) ਵਰਤਮਾਨ ਕਾਲ
(B) ਭੂਤਕਾਲ
(C) ਭਵਿੱਖਤ ਕਾਲ
(D) ਇਹਨਾਂ ਵਿੱਚੋਂ ਕੋਈ ਵੀ ਨਹੀਂ

2. ਪਰੰਪਰਾਂ ਸ਼ਬਦ ਦਾ ਪੈਰ੍ਹੇ ਅਨੁਸਾਰ ਢੁੱਕਵਾ ਅਰਥ ਕਿਹੜਾ ਹੈ?
(A) ਮੂਲ
(B) ਰਵਾਇਤ
(C) ਨਿਯਮਬੱਧ
(D) ਅਸੂਲ

3. ਕਵੀ ਸ਼ਬਦ ਦਾ ਲਿੰਗ ਬਦਲੋ -
(A) ਸਾਹਿਤਕਾਰ
(B) ਇਕਾਂਗੀਕਾਰ
(C) ਕਵੀ
(D) ਕਵਿੱਤਰੀ

4. ਸਾਹਿਤਕਾਰ ਸ਼ਬਦ ਵਿੱਚ ਕਿਹੜੇ ਪਿਛੇਤਰ ਸ਼ਬਦ ਦੀ ਵਰਤੋ ਕੀਤੀ ਗਈ ਹੈ?
(A) ਹਾਰ
(B) ਰ
(C) ਕਾਰ
(D) ਆਰ

5. ਕਲਾਕਾਰਾਂ ਵਿੱਚ ਕਿਹੜੇ ਗੁਣ ਹੁੰਦੇ ਹਨ?
(A) ਅਵਾਰਗੀ, ਹੋਸ਼, ਇਬਾਦਤ
(B) ਅਵਰਗੀ, ਮਸਤੀ, ਇਬਾਦਤ
(C) ਅਵਰਗੀ, ਹੋਸ਼, ਇਸ਼ਕ
(D) ਅਵਾਰਗੀ, ਮਸਤੀ, ਇਸ਼ਕ

.6 ਹੇਠ ਲਿਖੇ ਕਾਵਿ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨ (1-5) ਤੱਕ ਉਤਰ ਦਿਉ. (**ਅੰਕ**-5 × 2=**10**)

ਚਾਨਣ ਦੀ ਫੁਲਕਾਰੀ ਤੋਪਾ ਕੋਣ ਭਰੇ
ਅੰਬਰ ਦਾ ਇੱਕ ਆਲਾ ਸੂਰਜ ਬਾਲ ਦਿਆਂ
ਮਨ ਦੀ ਉੱਚੀ ਮਮਟੀ ਦੀਵਾ ਕੋਣ ਧਰੇ
ਅੰਬਰ-ਗੰਗਾ ਹੁੰਦੀ ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਉ ਕਿਹੜਾ ਘੁੱਟ ਭਰੇ
ਇਹ ਜੁ ਸਾਨੂੰ ਅੱਗ ਉਧਾਰੀ ਦੇ ਚਲਿਉਂ
ਦਿਲ ਦੀ ਬੁੱਕਲ ਬਲਦੀ ਚਿਣਗਾਂ ਕੋਣ ਜਰੇ
ਆਪਣੇ ਵੱਲੋਂ ਸਾਰੀ ਬਾਤ ਮਕਾ ਬੈਠੇ
ਹਾਲੇ ਵੀ ਇਕ ਹਉਕਾ ਤੇਰੀ ਗੱਲ ਕਰੇ
ਚਾਨਣ ਦੀ ਫੁਲਕਾਰੀ ਤੋਪਾ ਕੋਣ ਭਰੇ

1. "ਦਿਲ ਦੀ ਬੁੱਕਲ ਬਲਦੀ ਅਤੇ ਦਰਦਾ ਦਾ ਦਰਿਆਂ।" ਵਿੱਚ ਕਿਹੜੇ ਅਲੰਕਾਰ ਦੀ ਵਰਤੋ ਕੀਤੀ ਗਈ ਹੈ?
(A) ਦ੍ਰਿਸਟਾਂਤ ਅਲੰਕਾਰ
(B) ਉਪਮਾ ਅਲੰਕਾਰ
(C) ਅਤਿਕਥਨੀ ਅਲੰਕਾਰ
(D) ਅਨੁਪ੍ਰਾਸ ਅਲੰਕਾਰ

2. ਉਪਰੋਕਤ ਕਾਵਿ ਸਤਰਾਂ ਵਿੱਚ ਕਿਹੜਾ ਰਸ ਪ੍ਰਧਾਨ ਰਸ ਹੈ?
(A) ਹਾਸ ਰਸ
(B) ਬੀਰ ਰਸ
(C) ਭਿਆਨਕ ਰਸ
(D) ਸਿੰਗਾਰ ਰਸ

3. ਅੰਮ੍ਰਿਤਾ ਪ੍ਰੀਤਮ ਦੀ ਇਸ ਕਵਿਤਾ ਵਿੱਚ ਕਿਸ ਤਰ੍ਹਾਂ ਦਾ ਭਾਵ ਪੇਸ਼ ਕੀਤਾ ਗਿਆ ਹੈ?
(A) ਵਿਛੋੜੇ ਦੇ ਦਰਦ ਦਾ
(B) ਮਿਲਾਪ ਦਾ
(C) ਫੁਲਕਾਰੀ ਦਾ
(D) ਚਾਨਣ ਦਾ

4. "ਬਰੀਕੀਆਂ ਛਾਂਟਣੀਆਂ" ਮੁਹਾਵਰੇ ਦਾ ਅਰਥ ਕੀ ਹੈ?
(A) ਮਨ ਦੀਆਂ ਮਨ ਵਿੱਚ ਰਖਣੀਆਂ
(B) ਵਾਲ ਦੀ ਖਲ ਲਾਹੁਣੀ
(C) ਦੁਹਾਈਆ ਦੇਣੀਆ
(D) ਹਰ ਕੰਮ ਵਿੱਚ ਉਸਤਾਦ ਹੋਣਾ

5. "ਅੰਬਰ-ਗੰਗਾ ਹੁੰਦੀ ਗਾਗਰ ਭਰ ਦੇਂਦੀ" ਵਿੱਚ 'ਗਾਗਰ' ਤੋ ਕੀ ਭਾਵ ਹੈ -
(A) ਗਾਗਰ ਇਕ ਰੋਸ਼ਨੀ ਹੈ
(B) ਗਾਗਰ ਇੱਕ ਕੱਪੜਾ ਹੈ
(C) ਗਾਗਰ ਚਾਂਦੀ ਜਾਂ ਲੋਹੇ ਕੀ ਮਟਕੀ
(D) ਗਾਗਰ ਚਾਨਣ ਦੀ ਫੁਲਕਾਰੀ

7.ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-7)
**1.ਅਧਕ ਦੀ  ਵਰਤੋਂ ਕੀਨੀਆ ਲਗਾ ਨਾਲ ਹੁੰਦੀ ਹੈ ?** ( ਅੰਕ-2)
**2.ਸ਼ਿਕੰਜਵੀ ਵਾਲਾ ਆਪਣੇ ਪੈਸਿਆਂ ਦੀ ਚਿੰਤਾ ਕਿਉਂ ਕਰ ਰਿਹਾ ਸੀ?** ( ਅੰਕ-2)
**3.ਬਿੰਦੀ ਦੀ ਵਰਤੋਂ ਕਿਹੜੀ ਕਿਹੜੀ ਲਗ ਨਾਲ ਕੀਤੀ ਜਾਂਦੀ ਹੈ ?** ( ਅੰਕ-2)
**4.ਸਾਂਝੀ ਕੰਧ ਦਾ ਝੱਗੜਾ ਕਿਹਨਾਂ ਦੇ ਵਿਚਕਾਰ ਸੀ?** ( ਅੰਕ-4)
**5.ਮਲਵਈ  ਉਪਭਾਸ਼ਾ ਕਿਹੜੇ ਕਿਹੜੇ ਜਿਲ੍ਹਿਆਂ ਵਿੱਚਬੋਲੀ ਜਾਂਦੀ ਹੈ?** ( ਅੰਕ-4)
**6.ਕਰਤਾਰਾ ਤਲਵਾਰ ਲੈਕੇ ਕਿ ਕਰਨ ਚਲਿਆ ਸੀ ਅਤੇ ਕਿਉਂ ?** ( ਅੰਕ-4)
**7.ਪੇਮੀ ਦੇ ਨਿਆਣੇ ਕਹਾਣੀ ਦਾ ਸਾਰ ਲਿਖੋ ?** ( ਅੰਕ-5)

**8. ਆਪਣੇ ਸਕੂਲ ਦੇ ਮੁਖ ਅਧਿਆਪਕ  ਸਾਹਿਬ ਨੂੰ  ਸਰੀਰਕ ਅਭਿਆਸ ਲਈ ਜਿੱਮ ਦਾ ਸਮਾਂ ਅਤੇ ਇਕ ਕਮਰੇ ਦਾ ਪ੍ਰਬੰਧ ਕਰਨ ਲਈ ਬਿਨੇ ਪੱਤਰ ਲਿਖੋ?** ( ਅੰਕ-6)

**ਜਾਂ**

**ਤੁਹਾਡੇ ਚਾਚਾ ਜੀ ਨੇ ਤੁਹਾਡੇ ਜਨਮਦਿਨ ਤੇ ਇਕ ਤੋਹਫ਼ਾ ਭੇਜਿਆ ਹੈ ਇਕ ਚਿੱਠੀ ਰਾਹੀਂ ਚਾਚਾ ਜੀ ਦਾ ਧੰਨਵਾਦ ਕਰੋ** ( ਅੰਕ-6)

9. ਇਕ ਵਿਸ਼ੇ ਉੱਪਰ.ਲੇਖ ਲਿਖੋ -?( **ਅੰਕ-10)**
**1.ਗੁਰੂ ਨਾਨਕ ਦੇਵ ਜੀ**
**2.ਬੇਰੁਜਗਾਰੀ**
**3.ਵਧਦੀ ਅਬਾਦੀ ਇਕ ਭਿਆਨਕ ਸਮਸਿਆ**